# जे मै श्याम नू यार बनाया ते रोला पै गया

जे मैं ਸ਼ਾਮ ਨੂੰ ਯਾਰ ਬਣਾਇਆ ਤੇ ਰੌਲਾ ਪੈ ਗਿਆ

=====================================
ਧੁਨ- ਲੈ ਕੇ ਪਹਿਲਾ ਪਹਿਲਾ ਪਿਆਰ
ਲੋਕੀਂ, ਸੌ ਸੌ ਯਾਰ ਬਣਾਏ, ਕਿਸੇ ਉਫ਼ ਨਾ ਕੀਤੀ ਹਾਏ,
ਜੇ ਮੈਂ, ਸ਼ਾਮ ਨੂੰ ਯਾਰ ਬਣਾਇਆ, ਤੇ ਰੌਲਾ ਪੈ ਗਿਆ ॥
^
ਸੂਲੀ ਉੱਤੇ, ਚੜ੍ਹ ਜਾਣਾ, ਆਸ਼ਕਾਂ ਦੀ ਸ਼ਾਨ ਏ,
ਸਾਂਵਰੇ ਤੋਂ, ਕਰ ਦੇਂਦੇ, "ਜਿੰਦ ਕੁਰਬਾਨ ਏ" ॥
ਕੋਈ, ਗਲ਼ੇ 'ਚ ਲੌਂਕਟ ਪਾਵੇ,
ਕੋਈ, ਹੱਥੇ ਨਾਂਅ ਲਿਖਵਾਵੇ ।
ਜੇ ਮੈਂ, ਤਿਲਕ ਲਗਾਇਆ, ਤੇ ਰੌਲਾ ਪੈ ਗਿਆ,,,
ਲੋਕੀਂ, ਸੌ ਸੌ ਯਾਰ ਬਣਾਏ,,,,,,,,,,,,,,,,,,,,
^
ਦਿਲ ਤੇ ਨਾ, ਵੱਸ ਸਾਡਾ, ਹੋਈਆਂ ਅੱਖਾਂ ਚਾਰ ਏ,
ਹੋਇਆ ਕੀ, ਜ਼ੁਲਮ ਸਾਥੋਂ, "ਕੀਤਾ ਅਸੀਂ ਪਿਆਰ ਏ" ॥
ਮੀਰਾਂ, ਸ਼ਾਮ ਦੀਵਾਨੀ ਹੋਈ,
ਭੀਲਣੀ, ਰਾਮ ਨਾਮ ਵਿੱਚ ਖੋਈ ।
ਜੇ ਮੈਂ, ਨੱਚ ਕੇ ਸ਼ਾਮ ਮਨਾਇਆ, ਤੇ ਰੌਲਾ ਪੈ ਗਿਆ,,,
ਲੋਕੀਂ, ਸੌ ਸੌ ਯਾਰ ਬਣਾਏ,,,,,,,,,,,,,,,,,,,,
^
ਅਸੀਂ ਜਦੋਂ, ਕਿਸੇ ਤੇ ਨਹੀਂ, ਕੀਤਾ ਇਤਰਾਜ਼ ਏ,
ਹਰ ਬੰਦਾ, ਸਾਡੇ ਕੋਲੋਂ, "ਫਿਰ ਕਿਓਂ ਨਾਰਾਜ਼ ਏ" ॥
ਲੋਕੀਂ, ਗੱਲ ਨੂੰ ਵਧਾਵੇ, ਅੱਗ, ਘਰ ਘਰ ਲਾਵੇ ।
ਜੇ ਮੈਂ, ਭੇਦ ਲੁਕਾਇਆ, ਤੇ ਰੌਲਾ ਪੈ ਗਿਆ,,,
ਲੋਕੀਂ, ਸੌ ਸੌ ਯਾਰ ਬਣਾਏ,,,,,,,,,,,,,,,,,,,,
ਅਪਲੋਡਰ- ਅਨਿਲਰਾਮੂਰਤੀਭੋਪਾਲ


https://www.bhajanganga.com/bhajan/lyrics/id/33584/title/JE-MAIN-SHYAM-NU-YAAR-BANAYA-TE-RAULA-PAI-GAYA

अपने Android मोबाइल पर BhajanGanga App डाउनलोड करें और भजनों का आनंद ले |